IX. ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

X. ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ

XI. ਤੇਲ ਵੇਖੋ ਤੇਲ ਦੀ ਧਾਰ ਦੇਖੋ

XII. ਬੁੱਢੀ ਘੋੜੀ ਲਾਲ ਲਗਾਮ

7. ਹੇਠ ਲਿਖੇ ਵਾਕਾਂ ਵਿਚੋਂ ਦੱਸ ਨੂੰ ਸ਼ੁੱਧ ਕਰਕੇ ਲਿਖੋ :

I. ਬੂਹੇ ਖੜਕਦਾ ਹੈ।

II. ਸੂਰਜ ਨਿਕਲਿਆਂ ਤੇ ਧੁੰਦ ਪੈ ਗਈ

III. ਉਹ ਪਟਿਆਲਾ ਜਾਣਾ ਹੈ।

IV. ਮੈਂ ਜਰੂਰ ਆਵਾਂਗਾ ਕਾਲਜ।

V. ਕੁੜੀਓ ਨਾ ਨੱਚੋ ਕੋਠੇ ਤੇ।

VI. ਕੁੱਤਾ ਕਾਲਾ ਮਰ ਗਿਆ।

VII. ਅਸੀ ਘਰ ਜਾਂਦੇ ਹਨ।

VIII. ਮੁੰਡਾ ਨੇ ਸਾਈਕਲ ਚਲਾਇਆ।

IX. ਆਉਣਾ ਤੁਸੀ ਜ਼ਰੂਰ ਮੇਰੇ ਵਿਆਹ ਵਿਚ

X. ਮੈਂ ਧਨੀ ਹੁੰਦਾ ਕਾਸ਼।

XI. ਕਰੋਗੇ ਜਿਵੇਂ ਭਰੋਗੇ ਤਿਵੇ

XII. ਸ਼ਾਮ ਨੇ ਪੈਨ ਤੇ ਦਵਾਤ ਤੋੜੇ ਹਨ।





# 32005

## B. A. & Hons. (Subsidiary)

## EXAMINATION, 2025

(Second Semester)

(Re-appear Only)

PUNJABI (Elective)

*Time : 3 Hours*] [*Maximum Marks :* 80

Before answering the question-paper, candidates must ensure that they have been supplied with correct and complete question-paper. No complaint, in this regard will be entertained after the examination.

1. ਹੇਠ ਲਿਖੇ ਕਵੀਆਂ ਵਿਚੋਂ ਕਿਸੇ ਇਕ ਦੇ ਜੀਵਨ ਬਾਰੇ ਚਰਚਾ ਕਰੋ :

(ੳ) ਪ੍ਰੋ. ਪੂਰਨ ਸਿੰਘ

(ਅ) ਅਵਤਾਰ ਸਿੰਘ ਪਾਸ਼

2. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਦੋ ਦੀ ਪ੍ਰਸੰਗ ਸਹਿਤ

ਵਿਆਖਿਆ ਕਰੋ :

(ੲ) ਤੂੰ ਹਸਨਾ ਏ, ਬੜਾ ਸੁਲਝਿਆ ਹਾਸਾ ਹੈ,
ਇਸ ਦੇ ਪਿੱਛੇ ਬੱਝੀ ਹੈ,
ਰੋ ਰਹੇ ਮਿਹਨਤ ਮਾਰਿਆ ਦੀ ਕਤਾਰ

(ਅ) ਰੰਗ ਬਿਰੰਗੇ ਅਮਤਬਲਾਂ ਵਿਚ,
ਨਿੱਕੇ ਵੱਡੇ ਹਾਥੀ ਪਲਦੇ।
ਗੱਲ ਕਰੋ ਨਾ ਅੱਖ ਮਿਲਾਉਂਦੇ
ਵਿਚ ਰਲਾਊ ਘਟ ਹੀ ਰਲਦੇ
ਕੋੜਕੂਆਂ ਦੇ ਦਾਣੇ ਵਾਂਗਰ,
ਕਿਸ ਦਾਲ ਅੰਦਰ ਨਾ ਗਲਦੇ

(ੲ) ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖੌਲਾ ਕਰਨ
ਮਗਰ ਥੀ ਨਹੀਂ ਡਰਦੇ
ਪਿਆਰ ਨਾਲ ਇਹ ਕਰਨ ਗੁਲਾਮੀ।
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਗਾਂ ਮੋਢੇ ਤੇ ਉਲਾਰ ਕੇ

(ਸ) ਰਾਤ ਜਿਉਂ ਇਕ ਮਕੜੀ ਕਾਲੀ
ਅੰਬਰੀ ਉਣਦੀ ਨ੍ਹੇਰ੍ਹ ਦਾ ਪੇਟਾ
ਧੁੱਪਾ ਨੂੰ ਜਿਸ ਜਗਹ ਹੋ ਜਾਣਾ
ਲੈ ਕੇ ਆਖਣ ਕਾਸਾ।



3. ਹੇਠ ਲਿਖੇ ਇਕਾਂਗੀਕਾਰ ਵਿਚੋਂ ਕਿਸੇ ਇੱਕ ਦੇ ਜੀਵਨ ਰਚਨਾ ਸੰਸਾਰ ਉੱਤੇ ਚਾਨਣਾ ਪਾਉ।

   (ੳ) ਸੰਤ ਸਿੰਘ ਸੇਖੋਂ

   (ਅ) ਬਲਵੰਤ ਗਾਰਗੀ

4. 'ਬੇਈਮਾਨ' ਜਾਂ 'ਤੂੜੀ ਵਾਲਾ ਕੋਠਾ' ਇਕਾਂਗੀ ਦੇ ਵਿਸ਼ਾ-ਵਸਤੂ ਬਾਰੇ ਵਿਚਾਰ ਕਰੋ।

5. ਤੁਹਾਡਾ ਛੋਟਾ ਭਰਾ ਸਿਨੇਮਾ ਬਹੁਤ ਦੇਖਦਾ ਹੈ, ਉਸ ਨੂੰ ਇੱਕ ਚਿੱਠੀ ਰਾਹੀ ਪੜਾਈ ਕਰਨ ਦੀ ਪ੍ਰੇਰਨਾ ਦਿਉ।

   ਜਾਂ

   ਆਪਣੇ ਮਿੱਤਰ/ਸਹੇਲੀ ਨੂੰ ਉਸਦੀ ਮਾਤਾ ਜੀ ਦੇ ਸਵਰਗਵਾਸ ਹੋ ਜਾਣ 'ਤੇ ਅਫ਼ਸੋਸ ਦੀ ਚਿੱਠੀ ਲਿਖੋ।

6. ਹੇਠ ਲਿਖਿਆਂ ਦੱਸ ਅਖਾਣਾ ਨੂੰ ਵਾਕਾਂ ਵਿਚ ਵਰਤੋ :

   I. ਉਹ ਦਿਨ ਡੁੱਬਾ, ਜਦ ਘੋੜੀ ਚੜ੍ਹਿਆਂ ਕੁੱਬਾ

   II. ਅਸਮਾਨ ਤੋਂ ਡਿੱਗੀ ਖਜੂਰ ਤੇ ਅਟਕੀ

   III. ਆਪਣੀ-ਆਪਣੀ ਡਫ਼ਲੀ ਆਪਣਾ-ਆਪਣਾ ਰਾਗ

   IV. ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ

   V. ਹੱਥ ਕੰਗਣ ਨੂੰ ਆਰਸੀ ਕੀ

   VI. ਕਲ੍ਹ ਨਾਮ ਕਾਲ ਦਾ

   VII. ਚੋਰ ਚੋਰੀ ਤੋਂ ਜਾਏ, ਹੇਰਾ-ਫੇਰੀ ਤੋਂ ਨਾ ਜਾਏ

   VIII. ਘਰ ਫੂਕ ਤਮਾਸ਼ਾ ਦੇਖਣਾ

8. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿਚੋਂ ਦੱਸ ਦਾ ਪੰਜਾਬੀ ਰੂਪ ਲਿਖੋ :

Honorarium, In addition to, Financial Year, Exercies of Powers, Returns, Pay scale, Noted, Joining Date, Minimum Refund, Out Today, Urgent.

9. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਉ :

I. ਕਵੀ ਦੇ ਚਾਰ-ਚੁਫੇਰੇ ਕਿਹੜਾ ਰਾਗ ਗੂੰਜਦਾ ਹੈ ?

(ੳ) ਅਸਮਾਨੀ

(ਅ) ਹਵਾਈ

(ੲ) ਮਿੱਠਾ

(ਸ) ਬੇਸੁਰਾ

II. 'ਮੇਘਦੂਤ' ਕਵਿਤਾ ਕਿਸ ਨੂੰ ਸੰਬੋਧਿਤ ਹੈ ?

(ੳ) ਪ੍ਰੇਮੀ ਨੂੰ

(ਅ) ਕਾਲੀਦਾਸ ਨੂੰ

(ੲ) ਯਖਸ਼ ਨੂੰ

(ਸ) ਬੱਦਲ ਨੂੰ

III. ਸੰਤੋਖ ਸਿੰਘ ਧੀਰ ਕਿਹੜੀ ਕਾਵਿ-ਧਾਰਾ ਨਾਲ ਸੰਬੰਧਿਤ ਕਵੀ ਹੈ ?

(ੳ) ਅਧਿਆਤਮਕਦ

(ਅ) ਰੁਮਾਂਸਵਾਦੀ

(ੲ) ਪ੍ਰਗਤੀਵਾਦੀ

(ਸ) ਪ੍ਰਯੋਗਵਾਦੀ

IV. 'ਲੂਣਾ' ਕਵਿਤਾ ਵਿਚ ਕਿਸ ਨੂੰ ਦੋਸ਼ੀ ਠਹਿਰਾਇਆ ਗਿਆ ਹੈ ?

(ੳ) ਸਮਾਜ ਨੂੰ

(ਅ) ਪਤੀ ਨੂੰ

(ੲ) ਪੂਰਨ ਨੂੰ

(ਸ) ਧਰਮ ਨੂੰ

V. 'ਹਾਥੀ' ਕਵਿਤਾ ਕਿਸ ਉੱਤੇ ਕਟਾਖਸ਼ ਹੈ ?

(ੳ) ਗਰੀਬ

(ਅ) ਅਮੀਰ

(ੲ) ਵਪਾਰੀ

(ਸ) ਅਫਸਰਸ਼ਾਹੀ

VI. ਪ੍ਰਿੰ. ਸੰਤ ਸਿੰਘ ਸੇਖੋਂ ਦਾ ਜਨਮ ਕਦੋ ਹੋਇਆ ?

(ੳ) 30 ਮਈ, 1908

(ਅ) 31 ਮਈ, 1908

(ੲ) 31 ਜੁਲਾਈ, 1908

(ਸ) 30 ਜੁਲਾਈ, 1908



VII. ਨੰਦ ਕੌਰ ਦੇ ਪਤੀ ਦਾ ਨਾਂ ਕੀ ਹੈ ?

(ੳ) ਪਰਤਾਪ ਸਿੰਘ

(ਅ) ਬਸੰਤ ਰਾਮ

(ੲ) ਹਰਬੰਸ

(ਸ) ਗਿਆਨ

VIII. ਜੀਨਤ ਕੌਣ ਹੈ ?

(ੳ) ਗਈ

(ਅ) ਔਰੰਗਜੇਬ ਦੀ ਭੈਣ

(ੲ) ਔਰੰਗਜੇਬ ਦੀ ਬੇਟੀ

(ਸ) ਇੱਕ ਸਲਾਹਕਾਰ

IX. 'ਤੂੜੀ ਵਾਲਾ ਕੋਠਾ' ਇਕਾਂਗੀ ਕਿਸ ਦੀ ਰਚਨਾ ਹੈ ?

(ੳ) ਬਲਵੰਤ ਗਾਰਗੀ

(ਅ) ਡਾ. ਹਰਚਰਨ ਸਿੰਘ

(ੲ) ਅਜਮੇਰ ਸਿੰਘ ਔਲਖ

(ਸ) ਪ੍ਰਿੰ. ਸੰਤ ਸਿੰਘ ਸੇਖੋਂ

X. 'ਅੰਨ੍ਹੇ ਕਾਣੇ' ਇਕਾਂਗੀ ਦਾ ਮੁੱਖ ਪਾਤਰ ਕੌਣ ਹੈ ?

(ੳ) ਸਰਦਾਰ

(ਅ) ਨੱਥਾ ਸਿੰਘ

(ੲ) ਧਰਮਾ

(ਸ) ਕਰਮਾ 10